[This question paper contains 3 printed pages]

**Your Roll No.** : ....................

**Sl. No. of Q. Paper** : **8668** GC-4

Unique Paper Code : 72122803

Name of the Course : **B.A. (Prog) CBCS Punjabi AECC Ability Enhancement Compulsory Course (AECC-I)**

Name of the Paper : Punjabi - C (Basic Level)

Semester : II

***Time : 3 Hours*** ***Maximum Marks : 75***

*Write your Roll No. on the top immediately on receipt of this question paper.*

15

**1.** ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

ਹੇਠ ਲਿਖੀਆਂ ਕਥਾਵਾਂ ਵਿਚੋਂ ਕਿਸੇ ਇਕ ਕਥਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

1. ਮਾਇਆ ਤੇ ਕਰਮ
2. ਟਾਹਲੀ ਮੇਰੇ ਬੱਚੇ
3. ਦਾਨਾ ਸ਼ਾਹੂਕਾਰ
4. ਜਦੋਂ ਕੋਈ ਰੱਜਦਾ ਨਹੀਂ

2. ਬਾਤਾਂ ਬਾਰੇ ਤੁਸੀ ਕੀ ਜਾਣਦੇ ਹੋ ? ਵਿਚਾਰ ਕਰੋ। 10

ਜਾਂ

ਹੇਠ ਲਿਖੇ ਪ੍ਰਸ਼ਨਾਂ 'ਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ :-

1. ਮੁੱਢੀਆਂ ਕਿਸਨੂੰ ਕਹਿੰਦੇ ਹਨ ? ਵਿਚਾਰ ਕਰੋ।

2. ਪਰੀ ਕਥਾ ਬਾਰੇ ਤੁਸੀ ਕੀ ਜਾਣਦੇ ਹੋ ?

3. ਦੰਤ ਕਥਾ ਤੇ ਮਿੱਥ ਕਥਾ ਵਿਚ ਕੀ ਅੰਤਰ ਹੈ ? ਸਪਸ਼ਟ ਕਰੋ।

4. ਜਨੌਰ ਕਹਾਣੀਆਂ ਦੇ ਪਾਤਰ ਕੌਣ ਹੁੰਦੇ ਹਨ ? ਕਿਸੇ ਇਕ ਜਨੌਰ ਕਹਾਣੀ ਦੇ ਪਾਤਰਾਂ ਦੇ ਨਾਂ ਲਿਖੋ।

5. ਬਾਤਾਂ ਕਿੰਨੇ ਪ੍ਰਕਾਰ ਦੀਆਂ ਹੁੰਦੀਆਂ ਹਨ ?

6. ਬਾਤਾਂ ਦਾ ਉਦੇਸ਼ ਕੀ ਹੈ ?

7. 'ਮਾਇਆ ਤੇ ਕਰਮ' ਕਹਾਣੀ ਦੇ ਪਾਤਰਾਂ ਦੇ ਨਾਂ ਦੱਸੋ।

3. ਹੇਠ ਲਿਖੇ ਸ਼ਬਦਾਂ ਨੂੰ ਅਗੇਤਰ ਅਤੇ ਪਛੇਤਰ ਵਜੋਂ ਵਰਤੋ 10

ੳ) ਅਗੇਤਰ : ਪਰ, ਨਿਰ, ਅਪ, ਹਮ, ਅਣ

ਅ) ਪਿਛੇਤਰ : ਤਾ, ਜਨਕ, ਸਾਜ਼, ਊ, ਦਾਨ 10

**4.** ਵਿਸ਼ਰਾਮ ਚਿੰਨ੍ਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ ? ਉਦਾਹਰਣਾਂ ਦੇ ਕੇ ਸਮਝਾਓ। 10

**5.** ਹੇਠਾ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਲਿਖੋ।

1. ਜਿਹੜਾ ਕਿਸੇ ਦੀ ਕੀਤੀ ਜਾਣੇ।
2. ਜਿਹੜਾ ਦਿਲ ਦੀਆਂ ਜਾਣੇ।
3. ਜਿਹੜਾ ਨਾ ਦਿੱਸੇ।
4. ਆਪਣੀ ਜੀਵਨੀ ਲਿਖਣ ਵਾਲਾ।
5. ਜਿਸ ਦੀ ਕੋਈ ਔਲਾਦ ਨਾ ਹੋਵੇ।
6. ਪਤੀ ਦੀ ਵਿਆਹੀ ਹੋਈ ਦੂਜੀ ਤੀਵੀਂ।
7. ਜੋ ਥੋੜ੍ਹਾ ਚਿਰ ਰਹੇ।
8. ਕਵਿਤਾ ਲਿਖਣ ਵਾਲਾ
9. ਪਹਿਲੀ ਜੰਮੀ ਧੀ
10. ਲਾ ਕੇ ਕਹੀ ਕੋਈ ਗੱਲ।

**6.** ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ। 10

ਭਾਰਤ ਵਿਚ ਦਾਜ-ਪ੍ਰਥਾ ਬਹੁਤ ਪੁਰਾਣੀ ਹੈ। ਲੜਕਾ ਮਾਪਿਆਂ ਦੀ ਜਾਇਦਾਦ ਦਾ ਵਾਰਿਸ ਬਣਦਾ ਸੀ, ਇਸ ਲਈ ਮਾਪੇ ਲੜਕੀ ਨੂੰ ਉਸ ਦੇ ਵਿਆਹ ਉੱਤੇ ਨਿੱਤ ਵਰਤੋਂ ਦੀਆਂ ਵਸਤਾਂ ਅਤੇ ਨਕਦੀ ਆਦਿ, ਇਕ ਤਰ੍ਹਾਂ ਜਾਇਦਾਦ ਦੇ ਹਿੱਸੇ ਵਜੋਂ ਦੇਂਦੇ ਸਨ। ਪਰ ਅਜੋਕੇ ਸਮੇਂ ਵਿਚ ਇਹ ਦਾਜ-ਪ੍ਰਥਾ ਭਿਆਨਕ ਰੂਪ ਧਾਰ ਚੁੱਕੀ ਹੈ। ਅੱਜ ਕੱਲ੍ਹ ਵਿਆਹ ਵੇਲੇ ਮੁੰਡੇ ਵਾਲੇ ਸੌਦੇ ਬਾਜ਼ੀ ਤੇ ਉਤਰ ਜਾਂਦੇ ਹਨ। ਕਈ ਵਾਰੀ ਕੁੜੀ ਵਾਲਿਆਂ ਨੂੰ ਵਿੱਤ ਤੋਂ ਵੱਧ ਕੇ ਖਰਚਾ ਕਰਨਾ ਪੈਂਦਾ ਹੈ, ਕਰਜ਼ਾ ਵੀ ਚੁੱਕਦੇ ਹਨ। ਕਈ ਲਾਲਚੀ ਭੇੜੀਏ ਦਾਜ ਦੇ ਚੱਕਰ ਵਿਚ ਕੁੜੀਆਂ ਨੂੰ ਮਾਰ ਦੇਂਦੇ ਹਨ ਤੇ ਕਈ ਵਾਰੀ ਮਜਬੂਰਨ ਕੁੜੀਆਂ ਆਪ ਹੀ ਆਤਮ-ਘਾਤ ਕਰਨ ਤੇ ਮਜਬੂਰ ਹੋ ਜਾਂਦੀਆਂ ਹਨ। ਸੋ ਇਹ ਦਾਜ ਪਿਆਰ ਦੀ ਸੌਗਾਤ ਨਾ ਰਹਿ ਕੇ ਸਮਾਜ ਲਈ ਲਾਹਣਤ ਬਣ ਚੁੱਕੀ ਹੈ।

**7.** ਹੇਠ ਲਿਖੇ ਸ਼ਬਦਾਂ ਨੂੰ ਪੰਜਾਬੀ ਵਿਚ ਅਨੁਵਾਦ ਕਰੋ : 10

Accountant, Audit, Cheque, Capital, Damages, Nature, Play, Prose, Unity, Subject